# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਮੇਅਰ ਸ਼ਿਵ ਸੂਦ ਨੇ ਵਾਰਡ ਨੰ: 42 ਦਾ ਦੌਰਾ ਕਰਕੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਲਈ

# ਕਮਿਨਿਊਟੀ ਸੈਂਟਰ ਦਾ ਕੰਮ ਜਲਦੀ ਮੁੰਕਮਲ ਕੀਤਾ ਜਾਵੇਗਾ

ਹੁਸ਼ਿਆਰਪੁਰ 29 ਮਈ ਮੇਅਰ ਸ਼ਿਵ ਸੂਦ ਵੱਲੋਂ ਹਰ ਰੋਜ਼ ਸਵੇਰੇ ਇਕ ਵਾਰਡ ਦਾ ਦੌਰਾ ਕਰਨ ਦੀ ਮੁਹਿੰਮ ਤਹਿਤ ਉਹਨਾਂ ਨੇ ਵਾਰਡ ਨੰ: 42 ਦੇ ਕੌਂਸਲਰ ਸੁਰੇਸ਼ ਭਾਟੀਆ ਬਿਟੂ ਦੇ ਨਾਲ ਉਹਨਾਂ ਦੇ ਵਾਰਡ ਦੇ ਮੁਹੱਲਾ ਕੱਚੇ ਕੁਆਟਰ ਦੇ ਪਾਰਕ ਵਿਚ ਬਣ ਰਹੇ ਕਮਿਨਿਊਟੀ ਸੈਂਟਰ ਦੀ ਪ੍ਰਗਤੀ ਅਤੇ ਪਾਰਕ ਦਾ ਨਿਰੀਖਣ ਕੀਤਾ ਅਤੇ ਵਾਰਡ ਦੀਆਂ ਮੁਸ਼ਕਿਲਾਂ ਸਬੰਧੀ ਮੁਹੱਲਾ ਵਾਸੀਆਂ ਨਾਲ ਗੱਲਬਾਤ ਕਰਕੇ ਜਾਣਕਾਰੀ ਹਾਸਲ ਕੀਤੀ। ਉਹਨਾਂ ਕਿਹਾ ਕਿ ਕਮਿਨਿਊਟੀ ਸੈਂਟਰ ਦਾ ਕੰਮ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ। ਸੈਨਟਰੀ ਇੰਸਪੈਕਟਰ ਸੰਜੀਵ ਕੁਮਾਰ, ਕੌਂਸਲਰ ਰਮੇਸ਼ ਕੁਮਾਰ ਠਾਕੁਰ, ਅਸ਼ੋਕ ਕੁਮਾਰ ਅਤੇ ਵਿਨੋਦ ਪਰਮਾਰ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਮੇਅਰ ਸ਼ਿਵ ਸੂਦ ਨੇ ਕਿਹਾ ਕਿ ਵਾਰਡ ਨੰ: 42 ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਕਰਵਾਇਆ ਜਾਵੇਗਾ। ਗੁਰਦੇਵ ਸਿੰਘ, ਪਰਮਜੀਤ ਸਿੰਘ, ਰਿੱਕੀ ਕਟਾਰੀਆ, ਮਨਸਾ ਰਾਮ, ਰਜਿੰਦਰ ਕੁਮਾਰ ਸ਼ਰਮਾ, ਨੀਰੂ ਗਰੋਵਰ, ਵੀਨਾ ਰਾਣੀ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।